**ਮਾਡਲ ਟੈਸਟ ਪੇਪਰ**

**ਸ਼੍ਰੇਣੀ - ਅੱਠਵੀਂ**

**ਵਿਸ਼ਾ - ਸੰਗੀਤ ( ਗਾਇਨ )**

**ਸੈਸ਼ਨ - 2025-26**

**ਸਮਾਂ - 3 ਘੰਟੇ** **ਕੁੱਲ ਅੰਕ - 45**

**ਭਾਗ - ੳ**

**1 ਤੋਂ 11 ਤੱਕ ਵਸਤੂਨਿਸ਼ਠ ਪ੍ਰਸ਼ਨ ਹਨ । ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ । (11×1=11)**

1. ਤਾਨਪੁਰੇ ਵਿੱਚ ਕਿੰਨੀਆਂ ਤਾਰਾਂ ਹੁੰਦੀਆਂ ਹਨ ?
2. ਸੰਗੀਤ ਵਿੱਚ ਮੁੱਖ ਜਾਤੀਆਂ ਕਿੰਨੀਆਂ ਹਨ ?
3. ਸੰਗੀਤ ਵਿੱਚ ਸ਼ੁੱਧ ਸਵਰਾਂ ਦੀ ਗਿਣਤੀ ਕਿੰਨੀ ਹੈ ?
4. ਪੰਡਿਤ ਦਲੀਪ ਚੰਦਰ ਬੇਦੀ ਜੀ ਦਾ ਜਨਮ ਕਿੱਥੇ ਹੋਇਆ ?
5. ਸਾਡੇ ਸੰਗੀਤ ਵਿੱਚ ਥਾਟਾਂ ਦੀ ਗਿਣਤੀ ਕਿੰਨੀ ਹੈ ?
6. ਤਾਲ ਲਿਪੀ ਵਿੱਚ ਖਾਲੀ ਲਈ ਕਿਹੜਾ ਚਿੰਨ ਵਰਤਿਆ ਜਾਂਦਾ ਹੈ ?
7. ਰਾਗ ਭੈਰਵੀ ਦਾ ਥਾਟ ਦੱਸੋ ।
8. ਰਾਗ ਖਮਾਜ ਦੀ ਜਾਤੀ ਦੱਸੋ ।
9. ਝਪਤਾਲ ਦੇ ਕਿੰਨੇ ਵਿਭਾਗ ਹੁੰਦੇ ਹਨ ?
10. ਏਕ ਤਾਲ ਕਿੰਨੇ ਮਾਤਰਾ ਦੀ ਤਾਲ ਹੈ ?
11. ਰਾਗ ਭੈਰਵੀ ਦਾ ਵਾਦੀ ਸਵਰ ਦੱਸੋ ।

**ਭਾਗ - ਅ**

**12 ਤੋਂ 17 ਤੱਕ ਸੰਖੇਪਾਤਮਕ ਪ੍ਰਸ਼ਨਾਂ ਦੇ ਉੱਤਰ ਦਿਓ। ਸਾਰੇ ਪ੍ਰਸ਼ਨ ਲਾਜ਼ਮੀ ਹਨ । (6×2=12)**

12. ਗਾਇਕ ਦੇ ਕੋਈ ਦੋ ਗੁਣ ਦੱਸੋ ।
13. ਕੋਈ ਦੋ ਥਾਟਾਂ ਦੇ ਨਾਮ ਲਿਖੋ ।
14. ਸੰਪੂਰਨ-ਸ਼ਾੜਵ ਜਾਤੀ ਵਿੱਚ ਕਿੰਨੇ ਸਵਰਾਂ ਦਾ ਪ੍ਰਯੋਗ ਹੁੰਦਾ ਹੈ ?
15. ਖਮਾਜ ਰਾਗ ਦਾ ਆਰੋਹ - ਅਵਰੋਹ ਲਿਖੋ ।
16. ਰਾਗ ਭੈਰਵੀ ਵਿੱਚ ਕਿਹੜੇ - ਕਿਹੜੇ ਸਵਰ ਕੋਮਲ ਲੱਗਦੇ ਹਨ ?
17. ਝਪਤਾਲ ਵਿੱਚ ਕੁੱਲ ਕਿੰਨੀਆਂ ਤਾਲੀਆਂ ਹਨ ?

**ਭਾਗ - ੲ**

**18 ਤੋਂ 22 ਤੱਕ ਸੰਖੇਪਾਤਮਕ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ । (4×3=12)**

18. ਥਾਟ ਦੇ ਕੋਈ ਚਾਰ ਨਿਯਮ ਲਿਖੋ ।
19. ਗਾਇਕ ਦੇ ਕੋਈ ਚਾਰ ਔਗੁਣ ਲਿਖੋ ।
20. ਤਾਨਪੁਰੇ ਦੇ ਕੋਈ ਦੋ ਅੰਗਾਂ ਦਾ ਸੰਖੇਪ ਵਿੱਚ ਵਰਣਨ ਕਰੋ ।
21. ਕੋਈ ਦੋ ਅਲੰਕਾਰ ਲਿਖੋ ।
22. ਖਮਾਜ ਰਾਗ ਦੀ ਜਾਣ ਪਛਾਣ ਲਿਖੋ ।

**ਭਾਗ - ਸ**

**23 ਅਤੇ 24 ਨਿਬੰਧਾਤਮਕ ਪ੍ਰਸ਼ਨਾਂ ਵਿੱਚੋਂ ਇੱਕ - ਇੱਕ ਪ੍ਰਸ਼ਨ ਦਾ ਉੱਤਰ ਦਿਓ । (2×5=10)**

23. ਪੰਡਿਤ ਦਲੀਪ ਚੰਦਰ ਬੇਦੀ ਜੀ ਦੀ ਜੀਵਨੀ ਲਿਖੋ ।

ਜਾਂ

ਤਾਨਪੁਰੇ ਦਾ ਅੰਗ ਵਰਨਣ ਕਰੋ ।

24. ਏਕ ਤਾਲ ਨੂੰ ਇਕ ਗੁਣ ਅਤੇ ਦੁਗਣ ਲੈਅਕਾਰੀਆਂ ਵਿੱਚ ਲਿਖੋ ।

ਜਾਂ

ਰਾਗ ਭੈਰਵੀ ਦੇ ਛੋਟੇ ਖਿਆਲ ਦੀ ਸੁਰ ਲਿਪੀ ਲਿਖੋ ।